بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

K.K.Jumma 18.09.2020

# ਖ਼ੁਲਾਸਾ ਖ਼ੁਤਬਾ ਜੁਮਆ 18.09.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਬਿਲਾਲ ਬਿਨ ਰਿਬਾਹ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਸਤੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيمِ ۔ اَلْحَمْدُ لِلّٰهِ رَبِّ الْعَالَمِينَ ۔ الرَّحْمٰنِ الرَّحِيمِ ۔ مَالِكِ يَوْمِ الدِّينِ ۔ إِيَّاكَ نَعْبُدُ وَإِيَّاكَ نَسْتَعِينُ ۔ اِهْدِنَا الصِّرَاطَ الْمُسْتَقِيمَ ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰ ਦੇ ਸਹਾਬਾ ਵਿੱਚ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਹਜਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਖ਼ੈਬਰ ਦੀ ਜੰਗ ਮਗਰੋਂ ਪਰਤ ਰਹੇ ਸਨ ਤਾਂ ਸਾਰੀ ਰਾਤ ਚਲਦੇ ਰਹੇ ਫਿਰ ਜੱਦ ਆਪ ਨੂੰ ਨੀਂਦ ਆਈ ਤਾਂ ਆਰਾਮ ਕਰਨ ਲਈ ਪੜਾਅ ਪਾਇਆ ਅਤੇ ਫ਼ਿਰ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ ਕਿ ਫ਼ਜਰ ਸਮੇਂ ਤੁਸੀਂ ਜਗਾ ਦੇਣਾ । ਫ਼ਿਰ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੇ ਜਿੰਨ੍ਹੀ ਉਹਨਾ ਲਈ ਮੁਕਦੱਰ ਸੀ ਨਫ਼ਲ ਪੜ੍ਹਦੇ ਰਹੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਹਾਬ ਸੌਂ ਗਏ । ਜੱਦ ਫ਼ਜਰ ਦਾ ਸਮਾਂ ਹੋਇਆ ਤਾਂ ਬਿਲਾਲ ਰਜ਼ੀ ਅਲੱਾਹ ਅਨਹੁ ਉਪੱਰ ਵੀ ਨੀਂਦ ਦਾ ਗ਼ਲਬਾ ਹੋ ਗਿਆ ਤੇ ਅੱਖ ਲੱਗ ਗਈ । ਸੋ, ਨ ਤਾਂ ਬਿਲਾਲ ਰਜ਼ੀ ਅਲੱਾਹ ਅਨਹੁ ਜਾਗੇ ਅਤੇ ਨ ਹੀ ਆਪ ਦੇ ਸਹਾਬਾ ਵਿੱਚੋਂ ਕੋਈ ਜਾਗਿਆ ਇੱਥੋਂ ਤੱਕ ਕਿ ਧੁੱਪ ਦੀਆਂ ਕਿਰਣਾ ਉਹਨਾ'ਤੇ ਆਣ ਪਈਆਂ । ਰਸੂਲੁਲੱਾਹ ਸਲਲੱਾਹ ਅਲੈਹਿ ਵਸਲਮ ਇਹਨਾਂ ਵਿੱਚੋਂ ਸਭ ਤੋਂ ਪਹਿਲਾਂ ਜਾਗੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਮ ਚਿੰਤਤ ਹੋਏ ਅਤੇ ਫ਼ਰਮਾਇਆ, ਹੇ ਬਿਲਾਲ, ਹੇ ਬਿਲਾਲ, ਬਿਲਾਲ ਰਜ਼ੀ ਅਲੱਹ ਅਨਹੁ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਮੇਰੇ ਮਾਂ ਬਾਪ ਆਪ'ਤੇ ਕੁਰਬਾਨ ਹੋਣ ਮੈਨੂੰ ਨੀਂਦ ਆ ਗਈ ਸੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਰਵਾਨਾ ਹੋਵੋ, ਸੋ ਉਹਨਾ ਨੇ ਆਪਣੀਆਂ ਸਵਾਰੀਆਂ ਨੂੰ ਥੋੜਾ ਜਿਹਾ ਚਲਾਇਆ । ਫਿਰ ਰਸੂਲੁੱਾਹ ਸਲਲੱਾਹੁ ਅਲੈਹਿ ਵਸਲਮ ਨੇ ਰੋਕਿਆ, ਫਿਰ ਆਪ ਨੇ ਉਹਨਾ ਨੂੰ ਸਵੇਰ ਦੀ ਨਮਾਜ਼ ਸੂਰਜ ਨਿਕਲਣ ਦੇ ਬਾਦ ਪੜ੍ਹਾਈ । ਜੱਦ ਆਪ ਸਲਲੱਾਹੁ ਅਲੈਹਿ ਵਸਲਮ ਨਮਾਜ਼ ਪੜ੍ਹ ਚੱਕੇ ਤਾਂ ਆਪ ਨੇ

ਫ਼ਰਮਾਇਆ ਕਿ ਜੋ ਨਮਾਜ਼ ਭੁੱਲ ਜਾਏ ਤਾਂ ਉਸ ਨੂੰ ਚਾਹੀਦਾ ਹੈ ਕਿ ਜੱਦ ਉਸਨੂੰ ਚੇਤੇ ਆਏ ਤਾਂ ਉਸ ਨੂੰ ਪੜ੍ਹ ਲਏ ਕਿਉਂਕਿ ਅਲੱਾਹ ਤਆਲਾ ਨੇ ਫ਼ਰਮਾਇਆ ਹੈ ਕਿ ਨਮਾਜ਼ ਮੇਰੇ ਜ਼ਿਕਰ ਲਈ ਪੜ੍ਹੋ ।

ਮੱਕੇ ਦੀ ਫ਼ਤਹ ਦੇ ਦਿਨ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਖ਼ਾਨਾ ਕਾਬਾ ਵਿੱਚ ਦਾਖ਼ਲ ਹੋਏ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਵੀ ਸਨ । ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹ ਅਨਹੁ ਕਹਿੰਦੇ ਸਨ ਕਿ ਮੈਂ ਹਜ਼ਰਤ ਬਿਲਾਲ ਨੂੰ ਪੁੱਛਿਆ ਕਿ ਕੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਕਾਬੇ ਵਿੱਚ ਨਮਾਜ਼ ਪੜ੍ਹੀ ਹੈ ? ਉਹਨਾ ਨੇ ਕਿਹਾ ਹਾਂ ਪੜ੍ਹੀ ਹੈ । ਮੈਂ ਕਿਹਾ ਕਿਹੜੀ ਥਾਂ, ਕਿਹਾ ਇਹਨਾ ਸਤੂਨਾ (ਥੰਮਾ) ਵਿਚਕਾਰ । ਹਜ਼ਰਤ ਬਿਲਾਲ ਲੋਕਾਂ ਨੂੰ ਬਾਦ ਵਿੱਚ ਦੱਸਿਆ ਕਰਦੇ ਸਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਕਾਬੇ ਅੰਦਰ ਕਿਹੜੀ ਥਾਂ ਖੜੇ ਹੋਕੇ ਨਮਾਜ਼ ਪੜ੍ਹੀ ਸੀ । ਹਜ਼ਰਤ ਇਬਨੇ ਅਬੀ ਮਲੀਕਾ ਤੋਂ ਰਿਵਾਇਤ ਹੈ ਕਿ ਮੱਕੇ ਦੀ ਫ਼ਤਹ ਦੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਬਿਲਾਲ ਨੂੰ ਕਾਬੇ ਦੀ ਛੱਤ ਉਪੱਰ ਅਜ਼ਾਨ ਦੇਣ ਲਈ ਹੁਕੁਮ ਦਿਤੱਾ ਇਸ'ਤੇ ਹਜ਼ਰਤ ਬਿਲਾਲ ਨੇ ਕਾਬੇ ਦੀ ਛੱਤ ਉਪੱਰ ਅਜ਼ਾਨ ਦਿੱਤੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਮੱਕੇ ਦੀ ਫ਼ਤਹ ਦੇ ਮੌਕੇ'ਤੇ ਹਜ਼ਰਤ ਬਿਲਾਲ ਦਾ ਜ਼ਿਕਰ ਕਰਦਿਆਂ ਹੋਇਆਂ ਬਿਆਨ ਕਰਦੇ ਹਨ ਕਿ ਇਸ ਘਟਨਾ ਸਮੇਂ ਜੋ ਸਭ ਤੋਂ ਵੱਧ ਮਹਾਨਤਮ ਗੱਲ ਹੈ ਉਹ ਬਿਲਾਲ ਨਾ ਝੰਡਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਬਿਲਾਲ ਦਾ ਝੰਡਾ ਬਣਾਉਂਦੇ ਹਨ ਅਤੇ ਫ਼ਰਮਾਉਂਦੇ ਹਨ ਕਿ ਜੋ ਵਿਅਕਤੀ ਬਿਲਾਲ ਦੇ ਝੰਡੇ ਹੇਠ ਖੜਾ ਹੋ ਜਾਏਗਾ ਉਸ ਨੂੰ ਪਨਾਹ ਦਿੱਤੀ ਜਾਏਗੀ। ਇਸ ਹੁਕੁਮ ਵਿੱਚ ਕਿੰਨ੍ਹੀ ਹੀ ਸੂਖਮ ਦਾਨਾਈ ਸੀ । ਮੱਕੇ ਦੇ ਲੋਕ ਬਿਲਾਲ ਦੇ ਪੈਰ੍ਹਾਂ ਵਿੱਚ ਰੱਸੀ ਪਾਕੇ ਉਸ ਨੂੰ ਗਲੀਆਂ ਵਿੱਚ ਘਸੀਟਿਆ ਕਰਦੇ ਸਨ । ਮੱਕੇ ਦੀਆਂ ਗਲੀਆਂ ਮੱਕੇ ਦੇ ਮੈਦਾਨ ਬਿਲਾਲ ਲਈ ਅਮਨ ਦੀ ਥਾਂ ਨਹੀਂ ਸਨ ਸਗੋਂ ਅਜ਼ਾਬ, ਕਸ਼ਟ, ਜ਼ਲਾਲਤ ਤੇ ਹਾਸੇ ਠੱਠੇ ਦੀ ਥਾਂ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਖ਼ਿਆਲ ਕੀਤਾ ਕਿ ਬਿਲਾਲ ਦਾ ਦਿਲ ਅੱਜ ਬਦਲੇ ਵੱਲ ਵਾਰ ਮਾਇਲ ਹੁੰਦਾ ਹੋਵੇਗਾ ਅਤੇ ਇਸ ਵਫ਼ਾਦਾਰ ਸਾਥੀ ਦਾ ਬਦਲਾ ਲੈਂਣਾ ਵੀ ਅਤਿਅੰਤ ਜ਼ਰੂਰੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਸਾਡਾ ਬਦਲਾ ਇਸਲਾਮ ਦੀ ਸ਼ਾਨ ਅਨੁਸਾਰ ਹੋਵੇ । ਸੋ, ਆਪ ਨੇ ਬਿਲਾਲ ਦੇ ਬਦਲਾ ਇਸ ਪ੍ਰਕਾਰ ਨ ਲਿਆ ਕਿ ਤਲਵਾਰ ਨਾਲ ਉਸ ਦੇ ਦੁਸ਼ਮਣਾ ਦੀਆਂ ਗਰਦਨਾ ਕੱਟ ਦਿੱਤੀਆਂ ਜਾਂਣ ਸਗੋਂ ਇਸ ਭਰਾ ਦੇ ਹੱਥ ਵਿੱਚ ਇਕ ਝੰਡਾ ਦੇ ਕੇ ਖੜਾ ਕਰ ਦਿਤੱਾ ਅਤੇ ਬਿਲਾਲ ਨੂੰ ਇਸ ਉਦੇਸ਼ ਲਈ ਨਿਯੁਕਤ ਕਰ ਦਿਤੱਾ ਗਿਆ ਕਿ ਉਹ ਐਲਾਨ ਕਰ ਦੇਵੇ ਕਿ ਜੋ ਕੋਈ ਮੇਰੇ ਭਰਾ ਦੇ ਝੰਡੇ ਹੇਠ ਆਣਕੇ ਖੜਾ ਹੋ ਜਾਵੇਗਾ ਉਸ ਨੂੰ ਅਮਨ ਦਿਤੱਾ ਜਾਏਗਾ । ਕਿੰਨ੍ਹਾ ਸੋਹਣਾ ਬਦਲਾ ਸੀ, ਕਿੰਨ੍ਹਾ ਹਸੀਨ ਇਹ ਇੰਤਿਕਾਮ ਸੀ ਜੱਦ ਬਿਲਾਲ ਉੱਚੀ ਆਵਾਜ਼ ਨਾਲ ਇਹ ਐਲਾਨ ਕਰਦਾ ਹੋਵੇਗਾ ਕਿ ਹੇ ਮੱਕੇ ਵਾਲਿਓ ਆਓ ਮੇਰੇ ਭਰਾ ਦੇ ਝੰਡੇ ਹੇਠ ਖੜੇ ਹੋ ਜਾਓ ਤੁਹਾਨੂੰ ਅਮਨ ਦਿਤੱਾ ਜਾਏਗਾ ਤਾਂ ਇਸ ਵਿਚਾਰ ਨਾਲ ਉਸ ਦਾ ਦਿਲ ਆਪਣੇ ਆਪ ਹੀ ਇੰਤਿਕਾਮ ਦੀ ਭਾਵਨਾ ਤੋਂ ਖ਼ਾਲੀ ਹੁੰਦਾ ਜਾਂਦਾ ਹੋਵੇਗਾ । ਉਸ ਨੇ ਅਨੁਭਵ ਕਰ ਲਿਆ ਹੋਵੇਗਾ ਕਿ ਜੋ ਇੰਤਿਕਾਮ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੇਰੇ ਲਈ ਨਿਰਧਾਰਤ ਕੀਤਾ ਹੈ ਉਸ ਤੋਂ ਚੰਗਾ ਜਾਂ ਸ਼ਾਨਦਾਰ ਅਤੇ ਇਸ ਤੋਂ ਬਹੁਤਾ ਹਸੀਨ ਇੰਤਿਕਾਮ ਮੇਰੇ ਲਈ ਹੋਰ ਕੋਈ ਨਹੀਂ ਹੋ ਸਕਦਾ ।

ਹਜ਼ਰਤ ਅਬਦੁਲੱਾਹ ਬਿਨ ਉਮਰ ਤੋਂ ਰਿਵਾਇਤ ਹੈ ਕਿ ਈਦ ਦੇ ਦਿਨ ਹਜ਼ਰਤ ਬਿਲਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅੱਗੇ ਅੱਗੇ ਨੇਜ਼ਾ ਲੈਕੇ ਚਲਦੇ ਸਨ । ਹਜ਼ਰਤ ਬਿਲਾਲ ਉਸ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਗੱਢ ਦਿੰਦੇ ਸਨ ਅਤੇ ਆਪ ਇਸੇ ਵੱਲ ਨਮਾਜ਼ ਪੜ੍ਹਦੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲ ਦੇ ਦੇਹਾਂਤ ਦੇ ਬਾਦ ਹਜ਼ਰਤ ਬਿਲਾਲ ਇਸੇ ਪ੍ਰਕਾਰ ਹਜ਼ਰਤ ਅਬੂਬਕਰ ਦੇ ਅੱਗੇ ਇਸ ਨੇਜ਼ੇ ਨੂੰ ਲੈਕੇ ਚਲਿਆ ਕਰਦੇ ਸਨ ।

ਮੂਸਾ ਬਿਨ ਮੁਹਮੱਦ ਆਪਣੇ ਪਿਤਾ ਤੋਂ ਰਿਵਾਇਤ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਬਿਲਾਲ ਨੇ ਉਸ ਦਿਨ ਉਸ ਸਮੇਂ ਅਜ਼ਾਨ ਦਿੱਤੀ ਜੱਦ ਕਿ ਹੁਣੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ

ਨੂੰ ਦਫ਼ਨ ਨਹੀਂ ਕੀਤਾ ਗਿਆ ਸੀ । ਜੱਦ ਉਹਨਾ ਨੇ 'ਅਸ਼ਹਦੁ ਅਨੱਾ ਮੁਹਮੱਦੁਰ ਰਸੂਲੁਲੱਾਹ' ਦੇ ਸ਼ਬਦ ਕਹੇ ਤਾਂ ਮਸਜਿਦ ਵਿੱਚ ਲੋਕਾਂ ਦੇ ਰੋਣ ਕਰਕੇ ਹਿਟਕੀਆਂ ਬੱਝ ਗਈਆਂ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਦਫ਼ਨ ਕਰ ਦਿਤੱਾ ਗਿਆ ਤਾਂ ਹਜ਼ਰਤ ਅਬੂਬਕਰ ਰਜ਼ੀ ਅਲੱਾਲਹ ਅਨਹੁ ਨੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੂੰ ਅਜ਼ਾਨ ਦੇਣ ਲਈ ਕਿਹਾ, ਹਜ਼ਰਤ ਬਿਲਾਲ ਨੇ ਉਤੱਰ ਵਿੱਚ ਕਿਹਾ ਜੇਕਰ ਆਪ ਨੇ ਮੈਂਨੂੰ ਰੱਬ ਲਈ ਅਜ਼ਾਦ ਕੀਤਾ ਹੈ ਤਾਂ ਮੈਂਨੂੰ ਇਸ ਲਈ ਛੱਡ ਦੇਈਏ ਜਿਸ ਲਈ ਮੈਂਨੂੰ ਅਜ਼ਾਦ ਕੀਤਾ ਹੈ । ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਕਿਹਾ ਮੈਂ ਤੁਹਾਨੂੰ ਰੱਬ ਖ਼ਾਤਰ ਅਜ਼ਾਦ ਕੀਤਾ ਹੈ । ਇਸ'ਤੇ ਹਜ਼ਰਤ ਬਿਲਾਲ ਨੇ ਕਿਹਾ ਮੈਂ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਕਿਸੇ ਲਈ ਅਜ਼ਾਨ ਨਹੀਂ ਦਿਆਂਗਾ । ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਕਿਹਾ ਇਹ ਆਪ ਦੀ ਮਰਜ਼ੀ ਹੈ । ਇਸ ਦੇ ਬਾਦ ਹਜ਼ਰਤ ਬਿਲਾਲ ਮਦੀਨੇ ਵਿੱਚ ਹੀ ਰਹੇ ਇੱਥੋਂ ਤੱਕ ਕਿ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਸ਼ਾਮ ਲਈ ਲਸ਼ਕਰ ਚਲਿਆ ਤਾਂ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਵੀ ਉਹਨਾ ਨਾਲ ਸ਼ਾਮ ਚਲੇ ਗਏ ।

ਅਸਦੁਲਗ਼ਾਬਹ ਦੀ ਇਕ ਰਿਵਾਇਤ ਹੈ ਜਿਸ ਅਨੁਸਾਰ ਹਜ਼ਰਤ ਬਿਲਾਲ ਰਜ਼ੀ ਅਲੱਹ ਅਨਹੁ ਨੇ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੂੰ ਕਿਹਾ ਕਿ ਜੇਕਰ ਆਪਨੇ ਮੈਂਨੂੰ ਆਪਣੇ ਲਈ ਅਜ਼ਾਦ ਕੀਤਾ ਹੈ ਤਾਂ ਮੈਂਨੂੰ ਆਪਣੇ ਕੋਲ ਰੋਕਣ ਪਰ ਜੇਕਰ ਆਪਨੇ ਮੈਂਨੂੰ ਰੱਬ ਖ਼ਾਤਰ ਅਜ਼ਾਦ ਕੀਤਾ ਹੈ ਤਾਂ ਮੈਂਨੂੰ ਰੱਬ ਦੇ ਮਾਰਗ ਵਿੱਚ ਜਿਹਾਦ ਲਈ ਜਾਣ ਦੇਣ । ਇਸ'ਤੇ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਬਿਲਾਲ ਨੂੰ ਫ਼ਰਮਾਇਆ, ਜਾਓ । ਇਸ'ਤੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਸ਼ਾਮ ਚਲੇ ਗਏ ਅਤੇ ਮੌਤ ਤੱਕ ਉਥੇ ਹੀ ਰਹੇ । ਇਹ ਜੋ ਬਹੁਤੀਆਂ ਰਿਵਾਇਤਾਂ ਹਨ ਉਹ ਇਹੋ ਹਨ ਕਿ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੇ ਜ਼ਮਾਨੇ ਵਿੱਚ ਨਹੀਂ ਗਏ ਸਨ ਸਗੋਂ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਗਏ ਸਨ ਅਤੇ ਇਕ ਕਥਨ ਅਨੁਸਾਰ ਹਜ਼ਰਤ ਬਿਲਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਵੀ ਅਜ਼ਾਨ ਦਿੰਦੇ ਰਹੇ ਹਨ ਇਹ ਵੀ ਰਿਵਾਇਤ ਹੈ ।

ਇਕ ਰਿਵਾਇਤ ਇਉਂ ਬਿਆਨ ਕੀਤੀ ਗਈ ਹੈ ਕਿ ਇਕ ਵਾਰ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸੁਪਨੇ ਵਿੱਚ ਦਾਖਿਆ ਕਿ ਆਪ ਸਲਲਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ ਕਿ ਹੇ ਬਿਲਾਲ, ਇਹ ਕੇਹੀ ਸੰਗਦਿਲੀ ਹੈ, ਕੀ ਅਜੇ ਉਹ ਸਮਾਂ ਨਹੀਂ ਆਇਆ ਕਿ ਤੁਸੀਂ ਸਾਡੀ ਜ਼ਿਯਾਰਤ (ਦਰਸ਼ਨ) ਲਈ ਆਓ। ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਉਸ ਸਮੇਂ ਸ਼ਾਮ ਵਿੱਚ ਹੁੰਦੇ ਸਨ । ਆਪ ਅਤਿਅੰਤ ਦੁਖੀ ਹਾਲਤ ਵਿੱਚ ਜਾਗੇ ਅਤੇ ਸਵਾਰ ਹੋਕੇ ਮਦੀਨੇ ਵੱਲ ਚੱਲ ਪਏ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਰੋਜ਼ੇ ਉਪੱਰ ਹਾਜ਼ਰ ਹੋਕੇ ਹੰਝੂਆਂ ਨਾਲ ਰੋਣ ਤੇ ਤੜਪਨ ਲੱਗੇ । ਐਨ੍ਹੇ ਵਿੱਚ ਹਜ਼ਰਤ ਹਸਨ ਅਤੇ ਹੁਸੈਨ ਵੀ ਆ ਗਏ । ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੇ ਉਹਨਾਂ ਨੂੰ ਚੁੰਮਿਆ ਅਤੇ ਗੱਲ੍ਹ ਨਾਲ ਲਾਇਆ । ਹਜ਼ਰਤ ਹੁਸੈਨ ਨੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੂੰ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਵੇਰ ਦੀ ਅਜ਼ਾਨ ਆਪ ਦੇਣ ਤਾਂ ਆਪ ਮਸਜਿਦ ਦੀ ਛੱਤ'ਤੇ ਚੜ੍ਹ ਗਏ ਜੱਦ ਬਿਲਾਲ ਦੇ ਅਲੱਾਹੁ ਅਕਬਰ, ਅਲੱਾਹੁ ਅਕਬਰ ਦੇ ਸ਼ਬਦ ਕਹੇ ਤਾਂ ਰਾਵੀ ਕਹਿੰਦੇ ਹਨ ਕਿ ਮਦੀਨਾ ਕੰਬ ਉਠਿਆ ਫਿਰ ਜੱਦ ਉਹਨਾ ਨੇ 'ਅਸ਼ਹਦੁ ਅਨ ਲਾ ਇਲਾਹਾ ਇਲੱਲੱਾਹੁ' ਦੇ ਸ਼ਬਦ ਕਹੇ ਤਾਂ ਹੋਰ ਵੀ ਬਹੁਤੀ ਕੰਬਣ ਹੋਈ । ਲੋਕਾਂ ਵਿੱਚ ਅਚਨਚੇਤ ਜਾਗ੍ਰਿਤੀ ਹੋਈ ਫਿਰ ਜੱਦ ਉਹਨਾ ਨੇ 'ਅਸ਼ਹਦੁ ਅਨੱਾ ਮੁਹਮੱਦੁਰ ਰਸੂਲੁਲੱਾਹ' ਦੇ ਸ਼ਬਦ ਕਹੇ ਤਾਂ ਇਸਤਰੀਆਂ ਆਪਣੇ ਕਮਰਿਆਂ ਵਿੱਚੋਂ ਬਾਹਰ ਆ ਗਈਆਂ । ਰਾਵੀ ਕਹਿੰਦੇ ਹਨ ਕਿ ਉਸ ਦਿਨ ਤੋਂ ਵੱਧ ਰੋਣ ਵਾਲੇ ਪੁਰਸ਼ ਤੇ ਇਸਤਰੀਆਂ ਨਹੀਂ ਦੇਖੀਆ ਗਈਆਂ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਜ਼ਮਾਨਾ ਤੇ ਇਹ ਅਜ਼ਾਨ ਚੇਤੇ ਆ ਗਈ ਅਤੇ ਲੋਕ ਬੇਚੈਨ ਹੋ ਗਏ।

ਜ਼ੈਦ ਬਿਨ ਅਸਲਮ ਤੋਂ ਰਿਵਾਇਤ ਹੈ ਕਿ ਬਨੂ ਅਬੂ ਬਕੀਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਕਿ ਫਲਾਣੇ ਵਿਅਕਤੀ ਨਾਲ ਸਾਡੀ ਭੈਣ ਦਾ ਨਿਕਾਹ ਕਰ ਦੇਣ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ

ਬਿਲਾਲ ਬਾਰੇ ਤੁਹਾਡੇ ਕੀ ਵਿਚਾਰ ਹਨ । ਇਹ ਲੋਕ ਦੂਜੀ ਵਾਰ ਆਏ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਸਾਡੀ ਭੈਣ ਦਾ ਫ਼ਲਾਣੇ ਵਿਅਕਤੀ ਨਾਲ ਨਿਕਾਹ ਕਰਾ ਦੇਣ । ਆਪ ਨੇ ਫ਼ਰਮਾਇਆ ਕਿ ਤੁਸੀਂ ਲੋਕਾਂ ਦਾ ਬਿਲਾਲ ਬਾਰੇ ਕੀ ਖ਼ਿਆਲ ਹੈ । ਇਹ ਲੋਕ ਤੀਜੀ ਵਾਰ ਆਏ ਅਤੇ ਅਰਜ਼ ਕੀਤੀ ਹੇ ਰਸੂਲੁਲੱਾਹ, ਸਾਡੀ ਭੈਣ ਦਾ ਨਿਕਾਹ ਫ਼ਲਾਣੇ ਵਿਅਕਤੀ ਨਾਲ ਕਰਾ ਦੇਣ। ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਸੀਂ ਲੋਕਾਂ ਦਾ ਬਿਲਾਲ ਰਜ਼ੀ ਅਲੱਾਹ ਅਨਹੁ ਬਾਰੇ ਕੀ ਵਿਚਾਰ ਹੈ, ਤੁਸੀਂ ਲੋਕਾਂ ਦਾ ਅਜਿਹੇ ਵਿਅਕਤੀ ਬਾਰੇ ਕੀ ਵਿਚਾਰ ਹੈ ਜੋ ਸਵਰਗ ਵਿੱਚ ਵਸੱਣ ਵਾਲਿਆਂ ਵਿੱਚੋਂ ਹੈ । ਰਾਵੀ ਕਹਿੰਦੇ ਹਨ ਕਿ ਇਸ'ਤੇ ਉਨਾਂ ਲੋਕਾਂ ਨੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨਾਲ ਆਪਣੀ ਭੈਣ ਦਾ ਨਿਕਾਹ ਕਰ ਦਿਤੱਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਕ ਘਟਨਾ ਦਾ ਵਰਨਣ ਹਜ਼ਰਤ ਬਿਲਾਲ ਦੇ ਮੁਕਾਮ ਤੇ ਮਰਤਬੇ ਦਾ ਜ਼ਿਕਰ ਕਰਦਿਆਂ ਹੋਇਆਂ ਇਸ ਪ੍ਰਕਾਰ ਕੀਤਾ ਹੈ ਕਿ ਹਜ਼ਰਤ ਉਮਰ ਆਪਣੀ ਖ਼ਿਲਾਫ਼ਤ ਦੇ ਜ਼ਮਾਨੇ ਵਿੱਚ ਇਕ ਵਾਰ ਮੱਕੇ ਆਏ ਤਾਂ ਉਹੋ ਗ਼ੁਲਾਮ ਜਿੰਨ੍ਹਾ ਨੂੰ ਸਿਰ ਦੇ ਵਾਲ ਫੜਕੇ ਲੋਕ ਘਸੀਟਿਆ ਕਰਦੇ ਸਨ ਇਕ ਇਕ ਕਰਕੇ ਹਜ਼ਰਤ ਉਮਰ ਨਾਲ ਮੁਲਾਕਾਤ ਲਈ ਆਉਂਣਾ ਸ਼ੁਰੂ ਹੋਏ ਅਤੇ ਹਰ ਵਾਰ ਹਜ਼ਰਤ ਉਮਰ ਰਈਸਾਂ ਨੂੰ ਇਹੋ ਕਹਿੰਦੇ ਚਲੇ ਗਏ ਕਿ ਪਿੱਛੇ ਹੱਟ ਜਾਓ ਅਤੇ ਇਹਨਾ ਨੂੰ ਬੈਠਣ ਦੀ ਥਾਂ ਦਿਓ । ਜੱਦ ਗ਼ੁਲਾਮ ਸਹਾਬਾ ਕਮਰੇ ਵਿੱਚ ਭਰ ਗਏ ਤਾਂ ਮਜਬੂਰੀ ਵਿੱਚ ਰਈਸਾਂ ਨੂੰ ਜੁੱਤੀਆਂ ਵਾਲੀ ਥਾਂ ਵਿੱਚ ਬਹਿਣਾ ਪਿਆ, ਇਹ ਨਿਰਾਦਰੀ ਉਹਨਾ ਲਈ ਅਸਹਿਨ ਯੋਗ ਹੋ ਗਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਕ ਤਾਂ ਇਹ ਹੈ ਕਿ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ ਫਿਰ ਹੀ ਇਹ ਮੁਕਾਮ ਮਿਲਦਾ ਹੈ ਅਤੇ ਇਸਲਾਮ ਦੀ ਇਹ ਸੁੰਦਰ ਸਿੱਖਿਆ ਹੈ ਕਿ ਜੋ ਅਰੰਭ ਤੋਂ ਹੀ ਵਫ਼ਾਦਾਰੀ ਦਿਖਾਉਣ ਵਾਲੇ ਹਨ ਉਹਨਾ ਦਾ ਮੁਕਾਮ ਬਹਿਰਹਾਲ ਉਚੱਾ ਹੈ ਫਿਰ ਚਾਹੇ ਉਹ ਹਬਸ਼ੀ ਗ਼ੁਲਾਮ ਹੋਵੇ ਜਾਂ ਕਿਸੇ ਨਸਲ ਦਾ ਗ਼ੁਲਾਮ ਹੋਵੇ ਅਤੇ ਇਹ ਉਹ ਮੁਕਾਮ ਹੈ ਜੋ ਇਸਲਾਮ ਨੇ ਆਪਣੇ ਮੈਰਿਟ'ਤੇ ਰੱਖਿਆ ਹੋਇਆ ਹੈ ਅਤੇ ਹਰ ਇਕ ਜੋ ਕੁਰਬਾਨੀਆਂ ਕਰਨ ਵਾਲੇ ਹੋਣਗੇ, ਵਫ਼ਾ ਕਰਨ ਵਾਲੇ ਹੋਣਗੇ, ਆਪਣੀਆਂ ਜਾਨਾਂ ਵਾਰਨ ਵਾਲੇ ਹੋਣਗੇ, ਹਰ ਚੀਜ਼ ਕੁਰਬਾਨ ਕਰਨ ਵਾਲੇ ਹੋਣਗੇ ਤਾਂ ਉਹਨਾ ਨੂੰ ਇਹ ਮੁਕਾਮ ਮਿਲੇਗਾ ।

ਫ਼ਰਮਾਇਆ : ਇਨਸ਼ਾਅਲੱਾਹ ਤਆਲਾ ਇਹ ਜ਼ਿਕਰ ਜੋ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਦਾ ਹੈ ਅਜੇ ਜਾਰੀ ਰਹੇਗਾ ਭਵਿੱਖ ਵਿੱਚ ਵਰਨਣ ਹੋਵੇਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا
مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ
وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ
لَکُمْ وَلَذِکْرُ اللّٰہِ اَکْبَرُ۔

**Khulasa Khutba Jumma 18.09.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131